# ਤਿਨ ਕਉ ਕਾਲ ਨ ਖਾਤੇ

ਸੂਹੀ ਮਹਲਾ ੫ ॥

ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥

ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥

ਇਹ ਸ਼ਬਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਨੇ, ਸੂਹੀ ਰਾਗ ਵਿਚ ਉਚਾਰਣ ਕੀਤਾ ਹੈ, ਜੋ ਪੰਨਾ ੭੪੯ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਸੰਤ ਜਨਾਂ ਦੀ ਉਸਤਤਿ ਗਾਈ ਗਈ ਹੈ। ਉਨ੍ਹਾਂ ਦੇ ਆਉਣ ਦੇ ਮਕਸਦ ਬਾਰੇ ਦਸਿਆ ਗਿਆ ਹੈ ਅਤੇ ਉਨ੍ਹਾਂ ਪਾਸੋਂ ਨਾਮ ਦਾ ਖ਼ਜ਼ਾਨਾ ਵੰਡਣ ਦੀ ਵਡਿਆਈ ਕੀਤੀ ਗਈ ਹੈ। ਇਸ ਕਰਕੇ, ਉਨ੍ਹਾਂ ਤੋਂ, ਸਭ ਕੁਝ ਵਾਰ ਦੇਣਾ ਮੁਨਾਸਬ ਹੈ।

**ਅਰਥ** : ਹੇ ਅਕਾਲ ਪੁਰਖ ਜੀਓ ! ਤੇਰੇ ਸੰਤ ਜਨ ਉਤਮ ਭਾਗਾਂ ਵਾਲੇ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਤੇਰੇ ਨਾਮ ਦਾ ਖ਼ਜ਼ਾਨਾ ਹੁੰਦਾ ਹੈ।

ਪਾਤਸ਼ਾਹ, ੨੦੮ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤ, ਸੰਤ ਜਨਾਂ ਨੇ ਨਾਮ ਦਾ ਖ਼ਜ਼ਾਨਾ ਪ੍ਰਾਪਤ ਕੀਤਾ ਹੁੰਦਾ ਹੈ ਅਤੇ ਉਨ੍ਹਾਂ ਦਾ ਮਨ ਤਨ, ਇਸ ਨਾਲ ਭਰਪੂਰ ਹੁੰਦਾ ਹੈ ਅਤੇ ਵਾਹਗੁਰੂ, ਉਨ੍ਹਾਂ ਨੂੰ ਇਹ ਖਜ਼ਾਨਾ ਦਿੰਦਾ ਹੈ, ਜਿਨ੍ਹਾਂ ਤੋਂ ਆਪਣਾ ਹੁਕਮ ਮਨਵਾਉਂਦਾ ਹੈ - 'ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ।। ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਦੇਵੈ ਜਾ ਕਉ ਹੁਕਮੁ ਮਨਾਏ।।'

-- ਅਜਿਹੇ ਸੰਤ ਜਨਾਂ ਦਾ ਹੀ ਦੁਨੀਆਂ ਵਿਚ ਆਇਆ, ਤੈਨੂੰ ਪਰਵਾਣ ਹੈ ਅਤੇ ਜਿਸ ਰੱਬੀ ਕੰਮ ਲਈ ਉਹ ਦੁਨੀਆਂ ਵਿਚ ਆਉਂਦੇ ਹਨ, ਉਨ੍ਹਾਂ ਦੇ ਸਾਰੇ ਹੀ ਕਾਰਜ ਸਫ਼ਲ ਹੁੰਦੇ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ, ਪੰਨਾ ੬੬ ਤੇ, ਫ਼ੁਰਮਾਣ ਕੀਤਾ ਹੈ ਕਿ ਭਗਤਾਂ ਦਾ ਆਇਆ ਪ੍ਰਵਾਨ ਹੁੰਦਾ ਹੈ, ਉਹ ਸਾਰੀਆਂ ਕੁਲਾਂ ਦਾ ਉਧਾਰ ਕਰ ਦਿੰਦੇ ਹਨ ; ਉਨ੍ਹਾਂ ਦੇ ਸਾਰੇ ਕਾਰਜਾਂ ਵਿਚ ਪ੍ਰਭੂ ਦੀ ਮਿਹਰ ਹੁੰਦੀ ਹੈ, ਕੋਈ ਵੀ ਕੰਮ ਮਿਹਰ ਤੋਂ ਵਾਂਝਾ ਨਹੀਂ ਹੁੰਦਾ - 'ਆਏ ਸੇ ਪਰਵਾਣੁ ਹੈ ਸਭ ਕੁਲ ਕਾ

ਕਰਹਿ ਉਧਾਰੁ।। ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ।।'

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥

ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥

**ਅਰਥ** : ਹੇ ਮੇਰੇ ਪ੍ਰਭੂ/ਗੁਰੂ ! ਮੈਂ ਤੇਰੇ ਸੰਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ, ਆਪਣਾ ਆਪਾ ਵਾਰਦਾ ਹਾਂ।

ਪਾਤਸ਼ਾਹ, ਪੰਨਾ ੧੦੦ ਤੇ, ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੇ ਤੈਨੂੰ ਜਾਣਿਆ ਹੈ ਤੇ ਜੋ ਤੇਰੇ ਮਨ ਨੂੰ ਭਾਉਂਦੇ ਹਨ, ਉਨ੍ਹਾਂ ਸੰਤਾਂ ਤੋਂ ਮੇਰਾ ਮਨ ਕੁਰਬਾਨ ਹੈ, ਭਾਵ, ਮੈਂ ਆਪਣਾ ਮਨ, ਆਪਣਾ ਸਭ ਕੁਝ, ਉਨ੍ਹਾਂ ਨੂੰ ਸੌਂਪ ਦਿਆਂ - 'ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ।। ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ।।'

-- ਇਥੋਂ ਤਕ ਕਿ, ਮੈਂ ਆਪਣੇ ਕੇਸਾਂ ਨਾਲ ਉਨ੍ਹਾਂ ਨੂੰ ਚੌਰ ਝਲਾਂ ਅਤੇ ਉਨ੍ਹਾਂ ਦੇ ਚਰਣਾਂ ਦੀ ਧੂੜ ਲੈ ਕੇ ਆਪਣੇ ਮੁਖ ਤੇ ਲਗਾਵਾਂ।੧।ਰਹਾਉ।

ਪਾਤਸ਼ਾਹ, ਪੰਨਾ ੭੪੫ ਤੇ, ਫ਼ੁਰਮਾਣ ਕਰਦੇ ਹਨ ਕਿ ਮੈਂ ਸੰਤ ਜਨਾਂ ਨੂੰ ਪੱਖਾ ਝੱਲਾਂ, ਉਨ੍ਹਾਂ ਉਪਰ ਚੌਰ ਕਰਾਂ, ਉਨ੍ਹਾਂ ਦੇ ਮੁਖ ਦਾ ਦਰਸ਼ਨ ਕਰੀ ਜਾਵਾਂ, ਝੁਕ ਝੁਕ ਕੇ ਉਨ੍ਹਾਂ ਦੇ ਚਰਨਾਂ ਦੀਆਂ ਤਲੀਆਂ ਤੋਂ ਧੂੜ ਲੈ ਕੇ ਆਪਣੇ ਮੁਖ ਤੇ ਲਾਵਾਂ - 'ਕੇਸਾਂ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।। ਸੀਸੁ ਨਿਹਾਰਉ ਚਰਣਿ ਤਲਿ ਧੂਰਿ ਮੁਖਿ ਲਾਵਉ।।'

ਭਾਵ, ਜਿਨ੍ਹਾਂ ਦੇ ਹਿਰਦੇ ਵਿਚ ਨਾਮ ਵਸਦਾ ਹੋਵੇ ਉਨ੍ਹਾਂ ਦੀ ਹਰ ਸੰਭਵ-ਅਸੰਭਵ ਤਰੀਕੇ ਸੇਵਾ ਕਰਨੀ ਬਣਦੀ ਹੈ।

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

**ਅਰਥ** : ਅਜਿਹੇ ਤੇਰੇ ਭਗਤ ਜਨ, ਜਨਮ ਮਰਨ ਦੇ ਗੇੜ ਦੇ ਬੰਧਨ ਵਿਚ ਨਹੀਂ ਹੁੰਦੇ, ਸਿਰਫ਼ ਦੁਨੀਆਂ ਤੇ ਉਪਕਾਰ ਕਰਣ ਦੇ ਖ਼ਾਸ ਮਿਸ਼ਨ ਤੇ ਆਉਂਦੇ ਹਨ।

-- ਅਤੇ ਉਨ੍ਹਾਂ ਦਾ ਖ਼ਾਸ ਮਿਸ਼ਨ ਹੁੰਦਾ ਹੈ। ਉਨ੍ਹਾਂ ਨੇ, ਦੁਨੀਆਂ ਨੂੰ

ਮਾੜੇ ਰਾਹ ਤੋਂ ਹਟਾ ਕੇ, ਸਹੀ, ਭਗਤੀ ਦੇ ਮਾਰਗ ਤੇ ਤੋਰ ਕੇ, ਪ੍ਰਭੂ ਨਾਲ ਮਿਲਾਉਣਾ ਹੁੰਦਾ ਹੈ।੨।

ਜੀਅ ਦਾਨ, ਨਾਮ ਦਾਨ ਨੂੰ ਕਹਿੰਦੇ ਹਨ, ਜੋ ਸਭ ਤੋਂ ਵਡਾ ਤੇ ਉਤਮ ਦਾਨ ਹੈ।

ਦਸਵੇਂ ਪਾਤਸ਼ਾਹ ਨੇ ਵੀ ਆਪਣੇ ਆਉਣ ਦਾ ਕੁਝ ਅਜਿਹਾ ਹੀ ਮਿਸ਼ਨ, ਆਪਣੀ ਰਚਨਾ, ਬਚਿਤ੍ਰ ਨਾਟਕ ਵਿਚ, ਦਸਿਆ ਹੈ - 'ਜਾਹਿ ਤਹਾਂ ਤੈ ਧਰਮੁ ਚਲਾਇ।। ਕਬੁਧਿ ਕਰਨ ਤੇ ਲੋਕ ਹਟਾਇ।।' ਆਮ ਜੀਵ ਕਰਮਾਂ ਦਾ ਬੱਧਾ ਹੋਇਆ, ਜਨਮ ਲੈ ਕੇ ਆਉਂਦਾ ਹੈ, ਕਰਮਾਂ ਅਨੁਸਾਰ ਹੀ ਰਿਸ਼ਤੇ ਭੋਗਦਾ ਹੈ ਅਤੇ ਕਰਮਾਂ ਦਾ ਬੱਧਾ ਹੀ ਤੁਰ ਜਾਂਦਾ ਹੈ। ਪਰ ਮਹਾਤਮਾ ਨੂੰ ਅਜਿਹਾ ਕੋਈ ਬੰਧਨ ਨਹੀਂ ਹੁੰਦਾ, ਉਹ ਪ੍ਰਭੂ ਰਜ਼ਾ ਵਿਚ ਨਿਸੰਗ, ਬੇ ਰੋਕ ਟੋਕ, ਆਉਂਦੇ ਤੇ ਜਾਂਦੇ ਹਨ, ਜਿਵੇਂ, ਪੰਨਾ ੬੩੨ ਤੇ, ਸ੍ਰੀ ਗੁਰੂ ਨਾਨਕ ਸਾਹਿਬ ਦਾ ਫੁਰਮਾਣ ਹੈ - 'ਗੁਰਮੁਖਿ ਆਵੈ ਜਾਇ ਨਿਸੰਗੁ।।' ਅਜਿਹੇ ਮਹਾਂਪੁਰਖ, ਸਿਰਫ਼ ਆਪ ਹੀ ਜਨਮ ਮਰਨ ਤੋਂ ਰਹਿਤ ਹੀ ਨਹੀਂ ਹੁੰਦੇ ਸਗੋਂ, ਜੋ ਵੀ ਮਨੁਖ ਇਨ੍ਹਾਂ ਨੂੰ ਸੁਣ ਅਤੇ ਪੇਖ ਲੈਂਦਾ ਹੈ, ਉਹ ਵੀ ਗਰਭ ਵਿਚ ਆਉਣ ਤੋਂ ਬਚ ਜਾਂਦਾ ਹੈ - 'ਗੁਰੁ ਨਾਨਕੁ ਜਿਨ ਸੁਣਿਆ ਪੇਖਿਆ  ਸੇ ਫਿਰਿ ਗਰਭਾਸਿ ਨ ਪਰਿਆ ਰੇ।।'

ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਵੀ ਫ਼ੁਰਮਾਣ ਕੀਤਾ ਹੈ - 'ਸੰਕਟਿ ਨਹੀਂ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ।। ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।।' ਇਹ ਪੰਕਤੀਆਂ ਸ੍ਰੀ ਕ੍ਰਿਸ਼ਨ ਜੀ ਲਈ ਉਚਾਰਣ ਕੀਤੀਆਂ ਗਈਆਂ ਹਨ। ਭਾਵ ਇਹ ਹੋਇਆ ਕਿ, ਪਰਮਾਤਮਾ ਦੇ, ਖ਼ਾਸ ਮਿਸ਼ਨ ਤੇ ਭੇਜੇ ਸੰਤ ਜਨ, ਜਨਮ ਮਰਨ ਦੇ ਗੇੜ ਤੋਂ ਬਾਹਰ ਹੁੰਦੇ ਹਨ। ਜਦੋਂ ਕਿਸੇ ਅਜਿਹੇ ਖ਼ਾਸ special ਮਹਾਤਮਾ ਦਾ, ਬਾਣੀ ਵਿਚ 'ਹਰਿ', 'ਨਾਰਾਇਣ', 'ਕਵਲਾਪਤਿ' 'ਅਚੁਤ' ਆਦਿ ਸ਼ਬਦਾਂ ਰਾਹੀਂ ਸਤਿਕਾਰ ਕੀਤਾ ਜਾਂਦਾ ਹੈ ਤਾਂ ਇਹ ਉਚਿਤ ਹੀ ਹੈ। ਕਿਉਂਕਿ ਇਹ ਜਨਮ ਲੈ ਕੇ ਆਏ, ਸਿਰਫ਼ ਸਾਨੂੰ ਪਰਤੀਤ ਹੀ ਹੁੰਦੇ ਹਨ ਪਰ ਅਸਲ ਤੌਰ ਤੇ ਤਾਂ ਇਹ ਜਨਮ ਮਰਣ ਤੋਂ ਰਹਿਤ ਹੀ ਹੁੰਦੇ ਹਨ। ਭਾਵੇਂ ਇਹ, ਦੁਨੀਆਂ ਵਿਚ ਆਉਣ ਲਈ ਮਾਤਾ ਦਾ ਸਾਧਨ ਵਰਤ ਲੈਣ ਪਰ ਅਸਲ ਵਿਚ ਇਨ੍ਹਾਂ ਨੂੰ ਅਜਿਹੀ ਕੋਈ ਲੋੜ ਨਹੀਂ ਹੁੰਦੀ। ਉਹ ਤਾਂ ਥੰਮ ਪਾੜ ਕੇ ਵੀ ਆ ਸਕਦੇ ਹਨ ਅਤੇ ਆਪਣੇ ਭਗਤ ਦੀ ਰਖਿਆ ਲਈ, ਗਰੁੜ ਤੇ ਚੜ੍ਹ ਕੇ ਵੀ ਆਏ ਹਨ, ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ - 'ਥੰਮ੍

ਉਪਾੜਿ ਹਰਿ ਆਪੁ ਦਿਆਇਆ।। ਅਹੰਕਾਰੀ ਦੈਤੁ ਮਾਰਿ ਪਚਾਇਆ।।', ਪੰਨਾ ੧੧੫੪. ਗੁਰਬਾਣੀ ਅਨੁਸਾਰ, ਉਹ ਗੁਰੂ ਨਾਨਕ ਦੀ ਗੁਰ-ਜੋਤਿ ਹੀ ਸੀ ਜਿਸਨੇ ਥੰਮ ਵਿਚੋਂ ਪ੍ਰਗਟ ਹੋ ਕੇ ਹਰਨਾਖਸ਼ ਨੂੰ ਫ਼ਾੜਿਆ - 'ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ।।'

ਸ੍ਰੀ ਗੁਰੂ ਅਰਜਨ ਸਾਹਿਬ ਦੇ, ਪੰਨਾ ੧੩੬੦ ਤੇ, ਬਚਨਾਂ ਅਨੁਸਾਰ, ਉਹ ਮਹਾਤਮਾ ਜਨਮ ਮਰਣ ਤੋਂ ਮੁਕਤਿ ਹੁੰਦੇ ਹਨ, ਜੋ ਮਹਾਤਮਾ ਅਤੇ ਵਾਹਗੁਰੂ ਇਕ ਹੀ ਹਨ, ਉਹ ਵਡੇ ਭਾਗਾਂ ਨਾਲ ਹੀ ਲਭਦੇ ਹਨ, ਭਾਵ, ਇਤਨੇ ਸੌਖੇ ਨਹੀਂ ਲਭ ਪੈਂਦੇ - 'ਮੁਕਤੇ ਰਮਣ ਗੋਬਿੰਦਹ ਨਾਨਕ ਲਬਧੰ ਬਡ ਭਾਗਣਹ।।' ਪੰਨਾ ੫੨੯ ਤੇ, ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਹੇ ਵਾਹਿਗੁਰੂ ! ਤੇਰੇ ਸੰਤ, ਤੇਰੇ ਪਿਆਰੇ ਹੁੰਦੇ ਹਨ, ਉਨ੍ਹਾਂ ਨੂੰ ਮੌਤ ਅਤੇ ਸਮਾਂ ਨਹੀਂ ਪੋਂਹਦੇ, ਵਾਹਗੁਰੂ ਦੇ ਸੰਤ, ਸਮਾਂ ਅਤੇ ਮੌਤ ਦੀਆਂ ਹੱਦਾਂ ਤੋਂ ਉਪਰ ਹੁੰਦੇ ਹਨ - 'ਸੰਤੁ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ।।'

ਨਾਮ ਦਾ ਅਤੁਟ ਖ਼ਜ਼ਾਨਾ ਉਨ੍ਹਾਂ ਕੋਲ ਹੁੰਦਾ ਹੈ, ਜਿਵੇਂ ਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦਾ, ਪੰਨਾ ੬੦੦ ਤੇ, ਫ਼ੁਰਮਾਣ ਹੈ - 'ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ।।' ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜੋ ਧੁਰ ਤੋਂ ਲੇਖ ਲਿਖਵਾ ਕੇ ਆਉਂਦੇ ਹਨ, ਉਨ੍ਹਾਂ ਨੂੰ ਇਸ ਖ਼ਜ਼ਾਨੇ ਦਾ ਭਾਈਵਾਲ ਬਣਾਇਆ ਜਾਂਦਾ ਹੈ - 'ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ।। ਸੁ ਏਤੁ ਖਜਾਨੈ ਲਇਆ ਰਲਾਇ।।'

ਭਗਤ ਕਬੀਰ ਜੀ ਨੇ, ਪੰਨਾ ੯੭੦ ਤੇ, ਇਸੇ ਖ਼ਜ਼ਾਨੇ ਨੂੰ ਪ੍ਰਾਪਤ ਕਰਣ ਅਤੇ ਵੰਡਣ ਬਾਰੇ ਇੰਵ ਫ਼ੁਰਮਾਣ ਕੀਤਾ ਹੈ ਕਿ ਗੁਰੂ ਨੇ ਕਬੀਰ ਜੀ ਨੂੰ ਇਹ ਵਸਤ, ਖ਼ਜ਼ਾਨਾ ਦਿਤਾ ਅਤੇ ਨਾਲ ਹੀ ਸੰਭਾਲ ਕੇ ਰਖਣ ਨੂੰ ਕਹਿ ਦਿਤਾ। ਕਬੀਰ ਸਾਹਿਬ ਨੇ ਵੰਡਿਆ ਜ਼ਰੂਰ, ਪਰ ਉਹੀ ਲੈ ਸਕੇ, ਜਿਨ੍ਹਾਂ ਦੇ ਮਸਤਕ ਤੇ ਧੁਰ ਤੋਂ ਭਾਗ ਲਿਖੇ ਹੋਏ ਸਨ - 'ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ।।... ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ।।'

ਅਤੇ ਇਸ ਤਰ੍ਹਾਂ, ਭਗਤ, ਉਹ ਖ਼ਜ਼ਾਨਾ, ਉਨ੍ਹਾਂ ਨੂੰ ਹੀ ਦਿੰਦੇ ਹਨ, ਜਿਨ੍ਹਾਂ ਨੂੰ ਵੰਡਣ ਹਿਤ ਉਹ ਇਸ ਸੰਸਾਰ ਤੇ ਆਏ ਹੁੰਦੇ ਹਨ। ਹਰ ਕੋਈ, ਉਨ੍ਹਾਂ ਤੋਂ, ਇਹ ਖਜ਼ਾਨਾ ਪ੍ਰਾਪਤ ਕਰਣ ਦੀ ਸਮਰਥਾ ਨਹੀਂ ਰਖਦਾ।

ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥

ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥

**ਅਰਥ** : ਅਜਿਹੇ ਸੰਤ ਜਨ ਹੀ ਦੁਨੀਆਂ ਦੇ ਅਸਲ ਪਾਤਸ਼ਾਹ (ਅਮਰ-Sovereign, ਜਿਸ ਕੋਲ ਹੁਕਮ ਦੀ ਤਾਕਤ ਹੋਵੇ) ਹੁੰਦੇ ਹਨ, ਅਸਲ ਵਿਚ ਸਭ ਪਾਸੇ, ਉਨ੍ਹਾਂ ਦਾ ਹੀ ਅਮਰ, ਭਾਵ, ਹੁਕਮ ਚਲਦਾ ਹੈ, ਕਿਉਂਕਿ ਉਹ ਉਸ ਸਚੇ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹੁੰਦੇ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੫੯੦ ਤੇ, ਇਹ ਤੱਥ ਉਜਾਗਰ ਕਰਦੇ ਹਨ ਕਿ ਵਾਹਗੁਰੂ ਨੇ ਭਗਤ ਜਨਾਂ ਨੂੰ ਪਾਤਸ਼ਾਹੀ ਦਿਤੀ ਹੋਈ ਹੈ ਅਤੇ ਆਪ ਹੀ ਉਨ੍ਹਾਂ ਦੇ ਸਿਰ ਤੇ ਛੱਤਰ ਝੁਲਾਉਂਦਾ ਹੈ - 'ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ।।' ਛੱਤਰ ਝੁਲਣਾ Sovereign ਹੋਣਾ ਹੁੰਦਾ ਹੈ। ਪੰਜਵੇਂ ਪਾਤਸ਼ਾਹ ਦਾ, ਪੰਨਾ ੧੦੦੩ ਤੇ, ਫ਼ੁਰਮਾਣ ਹੈ ਕਿ ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ ਉਹ ਲੱਖਾਂ ਕਰੋੜਾਂ ਦਾ ਰਾਜਾ (Sovereign) ਹੁੰਦਾ ਹੈ - 'ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ।।'

-- ਭਗਤ ਜਨਾਂ ਕੋਲ ਹੀ ਸਚਾ ਸੁਖ ਹੁੰਦਾ ਹੈ, ਅਸਲ ਵਡਿਆਈ ਵੀ ਉਨ੍ਹਾਂ ਦੀ ਹੀ ਹੁੰਦੀ ਹੈ। ਜਿਸ ਪ੍ਰਭੂ ਦੇ, ਉਹ ਭਗਤ ਹੁੰਦੇ ਹਨ, ਉਹੀ ਉਨ੍ਹਾਂ ਦੀ ਕਦਰ ਜਾਣਦਾ ਹੈ। ਆਮ ਦੁਨੀਆਂ ਨੂੰ ਤਾਂ ਉਨ੍ਹਾਂ ਬਾਰੇ ਸਮਝ ਹੀ ਨਹੀਂ ਪੈਂਦੀ।੩।

ਪਾਤਸ਼ਾਹ, ਪੰਨਾ ੬੩੧ ਤੇ, ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਆਪਣੇ ਭਗਤ ਜਨ ਦੀ ਕਦਰ ਕਰਕੇ, ਆਪਣਾ ਪ੍ਰਤਾਪ (Sovereignty), ਉਸ ਨੂੰ ਸਿਰੋਪਾ ਦੇ ਰੂਪ ਵਿਚ ਬਖਸ਼ਦਾ ਹੈ - 'ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ।।'

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥

ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥

**ਅਰਥ** : ਮੈਂ ਤਾਂ, ਉਨ੍ਹਾਂ ਨੂੰ ਪਖਾ ਝਲਣ ਦੀ ਸੇਵਾ ਕਰਾਂ ਤੇ ਪਾਣੀ

ਢੋਵਾਂ ਤੇ ਉਨ੍ਹਾਂ ਲਈ ਚੱਕੀ ਪੀਸਣ ਦਾ ਕੰਮ ਕਰਾਂ, ਭਾਵ ਹਰ ਤਰੀਕੇ ਨਾਲ, ਸਰੀਰ ਕਰਕੇ, ਉਨ੍ਹਾਂ ਦੀ ਸੇਵਾ ਕਰਾਂ।

ਸ੍ਰੀ ਗੁਰੂ ਰਾਮਦਾਸ ਸਾਹਿਬ, ੭੫੭ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜਿਹੜਾ ਜਨ ਆ ਕੇ, ਮੈਨੂੰ ਮੇਰਾ ਪ੍ਰੀਤਮ ਪਿਆਰਾ ਮਿਲਾ ਦੇਵੇ, ਉਸ ਅਗੇ ਮੈਂ ਆਪਣੇ ਆਪ ਨੂੰ ਵੇਚ ਦਿਆਂ, ਉਸ ਨੂੰ ਤਾਂ ਮੈਂ ਆਪਣਾ ਤਨ, ਮਨ ਕਟ ਕਟ ਕੇ, ਸਭ ਕੁਝ ਅਰਪਣ ਕਰ ਦਿਆਂ, ਉਸ ਦੀ ਖ਼ਾਤਰ ਆਪਣੇ ਆਪ ਨੂੰ, ਭਾਵੇਂ ਅੱਗ ਵਿਚ ਜਲਾ ਦਿਆਂ, ਉਸ ਨੂੰ ਪੱਖਾ ਝੱਲਾਂ, ਉਸ ਦੀ ਪਾਣੀ ਢੋਣ ਦੀ ਸੇਵਾ ਕਰਾਂ, ਉਹ ਜੋ ਵੀ ਦਏ, ਉਹੀ ਖਾਵਾਂ - 'ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।।.. ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।। ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।।... '

-- ਪੰਜਵੇਂ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਮੇਰੀ ਪ੍ਰਭੂ ਪਾਸ ਇਹੀ ਬੇਨਤੀ ਹੈ ਕਿ ਮੈਂ ਅਜਿਹੇ ਮਹਾਂਪੁਰਖਾਂ ਦੇ ਦਰਸ਼ਨ ਪ੍ਰਾਪਤ ਕਰਾਂ।੪।੭।੫੪।

ਪੰਚਮ ਪਾਤਸ਼ਾਹ, ਪੰਨਾ ੨੦੮ ਤੇ ਫ਼ੁਰਮਾਣ ਕਰਦੇ ਹਨ ਕਿ ਰਾਮ ਅਤੇ ਸੰਤ ਵਿਚ ਕੋਈ ਭੇਦ, ਫ਼ਰਕ ਨਹੀਂ ਹੁੰਦਾ ਅਤੇ ਲੱਖਾਂ ਕਰੋੜਾਂ ਵਿਚੋਂ ਕੋਈ, ਅਜਿਹਾ ਇਕ ਜਨ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਪ੍ਰਤੱਖ ਹੋਇਆ ਹੁੰਦਾ ਹੈ ਅਤੇ ਪ੍ਰਭੂ ਦਾ ਜੱਸ, ਉਸ ਅੰਦਰ ਰਮਿਆਂ ਹੁੰਦਾ ਹੈ.. ਹੇ ਪ੍ਰਭੂ ਮੇਰੇ ਤੇ ਕਿਰਪਾ ਕਰੋ ਮੈਨੂੰ ਅਜਿਹੇ ਸੰਤਾਂ ਦਾ ਸੰਗੀ ਬਣਾ ਦਿਉ, ਮੈਂ ਉਨ੍ਹਾਂ ਨਾਲ ਜੁੜਿਆ ਰਹਾਂ - 'ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ।। ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ।।.. ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ।।'

25.8.2020